# ਪੰਜਾਬ ਸਕੂਲ ਸਿੱਖਿਆ ਬੋਰਡ

## ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ

# ਪੰਜਾਬ ਓਪਨ ਸਕੂਲ 2016-17

### ਆਨਲਾਈਨ ਦਾਖਲਾ ਫ਼ਾਰਮ ਭਰਨ ਦੀ ਪੜਾਅਵਾਰ ਪ੍ਰਕਿਰਿਆ:

ਨੋਟ: ਦਾਖਲਾ ਫ਼ਾਰਮ ਭਰਨ ਤੋਂ ਪਹਿਲਾਂ ਪ੍ਰਾਸਪੈਕਟਸ ਅਤੇ ਉਸ ਵਿੱਚ ਦਿੱਤੀਆਂ ਪੂਰੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ।

1. ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ www.pseb.ac.in ਤੇ ਜਾਓ।
2. Online Admission Form ਤੇ ਕਲਿੱਕ ਕਰੋ ਅਤੇ ਓਪਨ ਸਕੂਲ ਨਾਲ ਸਬੰਧਤ ਲਿੰਕ ਤੇ ਕਲਿੱਕ ਕਰੋ।
3. ਸਬੰਧਤ ਕਲਾਸ ਤੇ ਕਲਿੱਕ ਕਰਕੇ ਰਜਿਸਟਰ ਕਰੋ।
4. ਫ਼ਾਰਮ ਦੇ ਉੱਪਰ ਦਰਸਾਈਆਂ ਹਦਾਇਤਾਂ ਪੜ੍ਹ ਕੇ "I accept and apply for Online Admission" ਤੇ ਕਲਿੱਕ ਕਰੋ।
5. ਇਸ ਉਪਰੰਤ ਦਾਖਲਾ ਫ਼ਾਰਮ ਵਿੱਚ ਦਿੱਤੇ ਸਾਰੇ ਵੇਰਵੇ ਭਰੋ। ਮੋਬਾਈਲ ਨੰਬਰ, ਈ-ਮੇਲ ਐਡਰੈਸ ਅਤੇ ਅਧਾਰ ਕਾਰਡ ਨੰ: ਭਰਨੇ ਅਤੀ ਜ਼ਰੂਰੀ ਹਨ। ਦਾਖਲਾ ਦੀ ਕੈਟਾਗਰੀ ਧਿਆਨ ਪੂਰਵਕ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸ਼ਨ ਹੋਣ ਉਪਰੰਤ ਇਹਨਾਂ ਭਰੇ ਵੇਰਵਿਆਂ ਵਿੱਚ ਕੋਈ ਸੋਧ ਨਹੀਂ ਕੀਤੀ ਜਾ ਸਕੇਗੀ।
6. ਸੀਨੀਅਰ ਸੈਕੰਡਰੀ ਸ਼੍ਰੇਣੀ ਵਿੱਚ ਦਾਖਲਾ ਲੈਣ ਵਾਲਾ ਵਿਦਿਆਰਥੀ ਆਪਣੇ ਗਰੁੱਪ ਦੀ ਚੋਣ ਬਹੁਤ ਧਿਆਨ ਨਾਲ ਭਰੇ ਕਿਉਂਕਿ ਇੱਕ ਵਾਰ ਫ਼ਾਰਮ ਭਰੇ ਜਾਣ ਤੋਂ ਬਾਅਦ ਗਰੁੱਪ ਵਿੱਚ ਤਬਦੀਲੀ ਕਰਨੀ ਸੰਭਵ ਨਹੀਂ ਹੋ ਸਕੇਗੀ।
7. ਸਾਰੇ ਵੇਰਵੇ ਭਰਨ ਉਪਰੰਤ ਵਿਦਿਆਰਥੀ Login ਕਰ ਸਕੇਗਾ। Login Details ਭਾਵ ਐਪਲੀਕੇਸ਼ਨ ਨੰਬਰ ਅਤੇ ਪਾਸਵਰਡ ਉਸ ਦੇ ਈ-ਮੇਲ ਐਡਰੈਸ ਅਤੇ ਫ਼ਾਰਮ ਵਿੱਚ ਭਰੇ ਮੋਬਾਈਲ ਨੰਬਰ ਤੇ ਮੈਸੇਜ ਦੁਆਰਾ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ ਪਾਪ-ਅਪ ਮੈਸੇਜ ਤੇ ਵੀ ਐਪਲੀਕੇਸ਼ਨ ਨੰਬਰ ਅਤੇ ਪਾਸਵਰਡ ਦਿਖ ਜਾਵੇਗਾ।
8. Login ਕਰਨ ਉਪਰੰਤ ਫ਼ਾਰਮ 4 Steps ਵਿੱਚ ਭਰਿਆ ਜਾ ਸਕੇਗਾ।
9. ਦਾਖਲਾ ਫਾਰਮ ਵਿੱਚ ਵਿਦਿਆਰਥੀ ਆਪਣਾ ਜਾਂ ਆਪਣੇ ਕਿਸੇ ਨੇੜੇ ਦੇ ਸਬੰਧੀ ਦਾ ਪੱਕਾ ਮੋਬਾਈਲ ਨੰਬਰ ਅਤੇ ਈ.ਮੇਲ ਆਈ. ਡੀ. ਭਰੇ, ਜਿਸ ਨੂੰ ਪ੍ਰੀਖਿਆ ਪਾਸ ਕਰ ਲੈਣ ਤੱਕ ਬਦਲਿਆ ਨਾ ਜਾਵੇ। ਫੋਨ ਨੰਬਰ ਬਦਲ ਜਾਣ ਦੀ ਸੂਰਤ ਵਿੱਚ ਤੁਰੰਤ ਮੁੱਖ ਦਫਤਰ (ਓਪਨ ਸਕੂਲ ਸ਼ਾਖਾ) ਸੰਪਰਕ ਕੀਤਾ ਜਾਵੇ।

**Step-I (Fill up the following details)**

- ਇਸ ਵਿੱਚ ਵਿਦਿਆਰਥੀ **Click here to fill Application form** ਤੇ ਕਲਿੱਕ ਕਰਕੇ Previous Details ਕਾਲਮ ਵਿੱਚ ਵਿਦਿਆਰਥੀ ਆਪਣੀ ਕੈਟਾਗਰੀ, ਬੋਰਡ, ਰੋਲ ਨੰਬਰ, ਸੈਸ਼ਨ, ਪਹਿਲੇ ਸਕੂਲ ਦਾ ਨਾਂ ਆਦਿ ਵੇਰਵੇ ਭਰੇਗਾ।
- Previous Information ਕਾਲਮ ਵਿੱਚ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਮਾਤਾ ਦਾ ਨਾਂ, ਜਾਤੀ, ਵਿਲੱਖਣ ਸਮਰੱਥਾ, ਧਰਮ, ਜਨਮ ਮਿਤੀ ਆਦਿ ਵੇਰਵੇ ਭਰ ਕੇ Save Details ਤੇ ਕਲਿੱਕ ਕਰਕੇ ਵੇਰਵੇ Save ਕਰੇਗਾ। ਸਾਰੇ ਵੇਰਵੇ ਸਹੀ ਤਰ੍ਹਾਂ ਭਰਨ ਤੋਂ ਬਾਅਦ Successfully Inserted ਦਾ ਮੈਸੇਜ ਆ ਜਾਵੇਗਾ, ਜਿਸ ਨੂੰ Save ਕਰਨ ਤੋਂ ਬਾਅਦ ਹੀ ਵਿਸ਼ਿਆਂ ਦੀ ਚੋਣ ਦਾ ਕਾਲਮ ਦਿਖ ਸਕੇਗਾ।

- ਇਸ ਤੋਂ ਬਾਅਦ **(Click here to fill Subject Details)** ਤੇ ਕਲਿੱਕ ਕਰਕੇ ਵਿਦਿਆਰਥੀ ਵਿਸ਼ੇ ਭਰੇਗਾ। ਜੇਕਰ ਬੋਰਡ ਵੱਲੋਂ ਜਾਰੀ ਸ਼ਰਤਾਂ ਮੁਤਾਬਕ ਪ੍ਰੀਖਿਆਰਥੀ ਕਰੈਡਿਟ ਕੈਰੀ ਲਈ ਯੋਗ ਹੈ ਤਾਂ ਵਿਸ਼ੇ ਦੇ ਸਾਹਮਣੇ ਦਿੱਤੇ ਕਰੈਡਿਟ ਕੈਰੀ ਵਾਲੇ ਚੈਕਬਾਕਸ ਤੇ ਕਲਿੱਕ ਕਰਕੇ ਉਸ ਵਿਸ਼ੇ ਵਿੱਚੋਂ ਪ੍ਰਾਪਤ ਅੰਕ ਦਿੱਤੇ ਕਾਲਮਾਂ ਵਿੱਚ ਭਰੇ ਜਾਣ। ਸਿਰਫ ਪਾਸ ਵਿਸ਼ਿਆਂ, ਜੋ ਓਪਨ ਸਕੂਲ ਪ੍ਰਣਾਲੀ ਅਧੀਨ ਪੜ੍ਹਾਏ ਜਾਂਦੇ ਹਨ ਵਿੱਚੋਂ ਹੀ ਕਰੈਡਿਟ ਕੈਰੀ ਦੀ ਸੁਵਿਧਾ ਲਈ ਜਾ ਸਕਦੀ ਹੈ ਭਾਵ ਇਹਨਾਂ ਵਿਸ਼ਿਆਂ ਦੀ ਪ੍ਰੀਖਿਆ ਨਹੀਂ ਦੇਣੀ ਪਵੇਗੀ, ਪਹਿਲਾਂ ਪ੍ਰਾਪਤ ਕੀਤੇ ਅੰਕ ਹੀ ਮੰਨ ਲਏ ਜਾਣਗੇ।
- **Step-II (Upload Photograph, Signature)**
- ਇਸ ਵਿੱਚ ਵਿਦਿਆਰਥੀ **Click here to upload/change Photograph, Signature)** ਤੇ ਕਲਿੱਕ ਕਰਕੇ ਆਪਣੀ ਫੋਟੋ ਅਤੇ ਹਸਤਾਖਰ (ਦਰਸਾਏ ਗਏ ਅਕਾਰ ਅਨੁਸਾਰ) ਅਪਲੋਡ ਕਰੇਗਾ।

**Step-III (Payment Options)**

ਇਸ ਵਿੱਚ ਵਿਦਿਆਰਥੀ **(Click here to Pay Application Fee)** ਤੇ ਕਲਿੱਕ ਕਰਕੇ ਦਿੱਤੇ ਗਏ ਦੋ ਬੈਂਕਾਂ ਵਿੱਚੋਂ ਸੁਵਿਧਾ ਅਨੁਸਾਰ ਕੋਈ ਵੀ ਇੱਕ ਬੈਂਕ ਚੁਣ ਕੇ ਬਣਦੀ ਫ਼ੀਸ ਦਾ ਚਲਾਨ Generate ਕਰ ਸਕੇਗਾ। ਫ਼ੀਸਾਂ ਦਾ ਵੇਰਵਾ **Check Fee details** ਤੇ ਕਲਿੱਕ ਕਰਕੇ ਦੇਖਿਆ ਜਾ ਸਕਦਾ ਹੈ। ਇੱਕ ਵਾਰ ਚਲਾਨ Generate ਹੋਣ ਤੋਂ ਬਾਅਦ Application Form Lock ਹੋ ਜਾਵੇਗਾ ਅਤੇ Edit ਨਹੀਂ ਕੀਤਾ ਜਾ ਸਕੇਗਾ। ਚਲਾਨ ਜਨਰੇਟ ਕਰਨ ਤੋਂ 24 ਘੰਟੇ ਬਾਅਦ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਈ ਜਾਵੇ। ਬੈਂਕ ਵੱਲੋਂ ਫੀਸ ਵੈਰੀਫਾਈ ਕਰਨ ਉਪਰੰਤ ਅਧਿਐਨ ਕੇਂਦਰ ਸਲੈਕਟ ਕਰਨ ਆਪਸ਼ਨ ਦਿਖਣ ਲੱਗੇਗੀ (ਇਸ ਪ੍ਰੋਸੈਸ ਲਈ 24 ਤੋਂ 48 ਘੰਟੇ ਤੱਕ ਦਾ ਸਮਾਂ ਲੱਗ ਸਕਦਾ ਹੈ)।

**Step-IV (Choose Study Centres)**

- ਬੈਂਕ ਦੁਆਰਾ ਫ਼ੀਸ ਵੈਰੀਫਾਈ ਕਰਨ ਤੋਂ ਬਾਅਦ ਹੀ ਸਟੱਡੀ ਸੈਂਟਰ (ਅਧਿਐਨ ਕੇਂਦਰ) ਚੁਣਨ ਲਈ **(Click here to choose Study Centre)** ਦੀ Option ਖੁੱਲ੍ਹੇਗੀ।
- ਵਿਦਿਆਰਥੀ ਫ਼ੀਸ ਜਮ੍ਹਾਂ ਕਰਵਾਉਣ ਤੋਂ ਬਾਅਦ **(Click here to choose Study Centre)** ਤੇ ਕਲਿੱਕ ਕਰਕੇ ਜਿਲ੍ਹਾ ਅਨੁਸਾਰ ਦਿੱਤੇ ਗਏ ਸੈਂਟਰਾਂ ਦੀ ਸੂਚੀ ਵਿੱਚੋਂ ਉਪਲਬਧਤਾ ਅਨੁਸਾਰ ਅਧਿਐਨ ਕੇਂਦਰ ਚੁਣ ਸਕਦਾ ਹੈ। ਪ੍ਰੀਖਿਆਰਥੀ ਨੂੰ ਤਿੰਨ ਅਧਿਐਨ ਕੇਂਦਰ ਸਲੈਕਟ ਕਰਨੇ ਪੈਣਗੇ। ਸਬਮਿਟ ਕਰਨ ਉਪਰੰਤ ਤਰਜੀਹ ਅਨੁਸਾਰ ਕੰਪਿਊਟਰ ਵੱਲੋਂ ਆਟੋਮੈਟਿਕ ਇੱਕ ਅਧਿਐਨ ਕੇਂਦਰ ਪ੍ਰੀਖਿਆਰਥੀ ਨੂੰ ਅਲਾਟ ਕਰ ਦਿੱਤਾ ਜਾਵੇਗਾ।
- ਸੈਂਟਰ ਅਲਾਟ ਹੋਣ ਪਿੱਛੋਂ ਰਜਿਸਟ੍ਰੇਸ਼ਨ ਸਲਿੱਪ ਨਿਕਲੇਗੀ। ਇਹ ਸਲਿੱਪ, ਲੋੜੀਂਦੇ ਦਸਤਾਵੇਜ਼ਾਂ ਸਮੇਤ ਯੋਗਤਾਵਾਂ ਅਤੇ ਰਿਹਾਇਸ਼ੀ ਪਰੂਫ (ਪ੍ਰਾਸਪੈਕਟਸ ਦੇ ਪੰਨਾ ਨੰ: 7 ਤੇ ਲੜੀ ਨੰ: 8 ਅਨੁਸਾਰ) ਦਸਤਾਵੇਜ਼ ਅਤੇ ਚਲਾਨ ਦੀ ਕਾਪੀ ਲੈ ਕੇ ਅਲਾਟ ਕੀਤੇ ਅਧਿਐਨ ਕੇਂਦਰ ਨਾਲ 7 ਦਿਨਾਂ ਅੰਦਰ ਸੰਪਰਕ ਕੀਤਾ ਜਾਵੇ।
- **ਦਾ**ਖ਼ਲਾ ਫ਼ਾਰਮ ਅਧਿਐਨ ਕੇਂਦਰ ਵੱਲੋਂ ਹੀ ਡਾਊਨਲੋਡ ਕੀਤਾ ਜਾ ਸਕੇਗਾ, ਆਪਣੇ ਦਸਤਾਵੇਜ਼ ਅਤੇ ਚਲਾਨ ਆਦਿ ਪੇਸ਼ ਕਰਨ ਉਪਰੰਤ ਅਧਿਐਨ ਕੇਂਦਰ ਦਾਖਲਾ ਫਾਰਮ ਦੀ ਇੱਕ ਕਾਪੀ ਪ੍ਰੀਖਿਆਰਥੀ ਨੂੰ, ਇੱਕ ਕਾਪੀ ਰਿਕਾਰਡ ਹਿੱਤ ਅਤੇ 2 ਕਾਪੀਆਂ ਬੋਰਡ ਨੂੰ ਸਮੇਤ ਦਸਤਾਵੇਜ਼ ਅਤੇ ਚਲਾਨ ਨੱਥੀ ਕਰਕੇ ਭੇਜੇਗਾ।
- ਸ਼ਨਾਖਤੀ ਕਾਰਡ ਹਦਾਇਤਾਂ ਅਨੁਸਾਰ ਸੈਂਟਰ ਤੋਂ ਤਸਦੀਕ ਕਰਵਾ ਲਿਆ ਜਾਵੇ।
- ਪਾਸਵਰਡ ਬਦਲਣ ਲਈ ਵਿਦਿਆਰਥੀ **(Click here to Change Password)** ਤੇ ਕਲਿੱਕ ਕਰਕੇ ਪਾਸਵਰਡ ਬਦਲ ਸਕਦਾ ਹੈ।